MEDIA COVERAGE

Name of the Newspaper The Tribune (Ludhiana)

Date 6.11.2022 Day Sunday

Page No. 2

Column No. 1

LI

# Gurusar Sadhar College remains on top in university sports

GHG Khalsa College, Gurusar Sadhar had an eventful week as its teams bagged top positions in Panjab University Hockey, Kabaddi and Football inter-college championships. The girls of the college football team won the overall Inter-college championship. The players worked hard and the victory symbolises the passion and commitment of players, said team coach, DrSukhjinderKaur while appreciating the performance. Many girls participated for the first time and to win gold medals will make them dream big in sports, she added further.Kabaddi needs support in Punjab so that the traditional game gets this image makeover, said Gurlal Singh, MLA, Ghanaur and former captain of India Kabaddi team. He was chief guest on the occasion when GHG Khalsa College hosted the Inter-college event. He appreciated the performance of girls Kabaddi team of the college for winning the gold medals. Jagtar Singh, the coach of the team said that some of the players have participated in Malaysia recently. In Panjab University Inter college Hockey tournament held at university campus, the college team won second position and players won silver medals. The team was jointly coached by senior coach Malkiat Singh Gill and Prof Amandeep Singh.



Manjit Singh Gill and Dr. S.S.Thind president and secretary, respectively, of the college governing council appreciated the efforts of coaches and players for their stupendous performances. Dr Harpreet Singh, principal of the college, while appreciating the teams, said that the college will support it's all sports teams for ensuring excellence in future prestigious tournaments. Players of the college will continue to get free studies and residential arrangements, he announced.

Name of the Newspaper ਅਜੀਤ ( ਜਲੰਧਰ )

Date 28.12.2022 Day ਬੁੱਧਵਾਰ

Page No. 7

Column No. 4



ਆਂਧਰਾ ਪ੍ਰਦੇਸ਼ ਦੇ ਗੰਟੂਰ ਵਿਖੇ ਵੇਟ ਲਿਫ਼ਟਿੰਗ ਚੈਂਪੀਅਨਸ਼ਿਪ ਵਿਚ ਸੋਨ ਤਗਮਾ ਜਿੱਤਣ ਵਾਲੀ ਖ਼ਾਲਸਾ ਕਾਲਜ ਸੁਧਾਰ ਦੀ ਵਿਦਿਆਰਥਣ ਰਾਖੀ। ਅਜੀਤ ਤਸਵੀਰ

Name of the Newspaper ਪੰਜਾਬੀ ਟ੍ਰਿਬਿਊਨ

Date 20/1/2023 Day ਸ਼ੁੱਕਰਵਾਰ

Page No. 9

Column No. 5

PLAYERS OF SUDHAR COLLEGE IN UNIVERSITY CHAMPIONSHIPS

# ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ 'ਚ ਸੁਧਾਰ ਦੇ ਖਿਡਾਰੀ ਛਾਏ



ਚੈਂਪੀਅਨਸ਼ਿਪ ਟਰਾਫੀ ਨਾਲ ਖ਼ਾਲਸਾ ਕਾਲਜ ਦੇ ਜੇਤੂ ਫੁਟਬਾਲ ਖਿਡਾਰੀ।

**ਸੰਤੋਖ ਗਿੱਲ**

**ਗੁਰੂਸਰ ਸੁਧਾਰ, 19 ਜਨਵਰੀ**

ਪੰਜਾਬ ਯੂਨੀਵਰਸਿਟੀ ਨੇ ਮੇਜ਼ਬਾਨ ਕੋਟਾ ਯੂਨੀਵਰਸਿਟੀ ਰਾਜਸਥਾਨ ਨੂੰ 3-1 ਨਾਲ ਹਰਾ ਕੇ ਕੌਮੀ ਅੰਤਰ-ਯੂਨੀਵਰਸਿਟੀ ਫੁਟਬਾਲ ਚੈਂਪੀਅਨਸ਼ਿਪ ਜਿੱਤ ਲਈ ਹੈ। ਸਥਾਨਕ ਖ਼ਾਲਸਾ ਕਾਲਜ ਸੁਧਾਰ ਦੇ ਛੇ ਖਿਡਾਰੀ ਧਰਮਪ੍ਰੀਤ ਸਿੰਘ, ਕਰਮਜੀਤ ਸਿੰਘ, ਪੁਨੀਤ ਪਾਲ ਸਿੰਘ, ਜਸਪ੍ਰੀਤ ਸਿੰਘ, ਗੁਰਦੀਪ ਸਿੰਘ ਅਤੇ ਰੋਹਿਤ ਕਟਾਰੀਆ ਨੇ ਚੈਂਪੀਅਨ ਟੀਮ ਦਾ ਹਿੱਸਾ ਸਨ। ਗੌਰਤਲਬ ਹੈ ਇਸ ਵੱਕਾਰੀ ਚੈਂਪੀਅਨਸ਼ਿਪ ਵਿੱਚ ਇਹ ਟੀਮ ਕੋਈ ਵੀ ਮੈਚ ਨਹੀਂ ਹਾਰੀ।

ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਅਨੁਸਾਰ ਇਸ ਇਤਿਹਾਸਕ ਜਿੱਤ ਨਾਲ ਟੀਮ ਨੂੰ ਖੇਲੋ ਇੰਡੀਆ ਯੂਨੀਵਰਸਿਟੀ ਖੇਡਾਂ ਲਈ ਵੀ ਚੁਣਿਆ ਗਿਆ ਹੈ, ਜੋ ਕਿ ਜਲਦੀ ਹੀ ਹੋਣ ਜਾ ਰਹੀਆਂ ਹਨ। ਉਨ੍ਹਾਂ ਇਸ ਪ੍ਰਾਪਤੀ ਲਈ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ।

Name of the Newspaper ਪੰਜਾਬੀ ਟ੍ਰਿਬਿਊਨ (ਲੁਧਿਆਣਾ)

Date 11.6.23 Day ਐਤਵਾਰ

Page No. 13

Column No. 2

SHOOTING CAMP IN COLLEGE PREMISES

# ਖ਼ਾਲਸਾ ਕਾਲਜ ਵਿੱਚ ਸ਼ੂਟਿੰਗ ਕੈਂਪ ਆਰੰਭ

ਪੱਤਰ ਪ੍ਰੇਰਕ

ਗੁਰੂਸਰ ਸੁਧਾਰ, 10 ਜੂਨ

ਇੱਥੇ ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਵਿੱਚ 7 ਜੁਲਾਈ ਤੱਕ ਚੱਲਣ ਵਾਲਾ ਇਕ ਮਹੀਨੇ ਦਾ ਗਰਮ ਰੁੱਤ ਦਾ ਸ਼ੂਟਿੰਗ ਕੈਂਪ ਆਰੰਭ ਹੋ ਗਿਆ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਨੇ ਕਿਹਾ ਕਿ ਕੈਂਪ ਦਾ ਉਦੇਸ਼ ਨੌਜਵਾਨਾਂ ਨੂੰ ਨਿਸ਼ਾਨੇਬਾਜ਼ੀ ਦੀ ਖੇਡ ਵਿਚ ਸਿਖਲਾਈ ਅਤੇ ਨਿਪੁੰਨਤਾ ਪ੍ਰਾਪਤ ਕਰਨ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਦਸ ਸਾਲ ਤੋਂ ਵਧੇਰੇ ਉਮਰ ਵਾਲੇ ਵਿਅਕਤੀ ਯੋਗ ਹੋਣਗੇ। ਕਾਲਜ ਪ੍ਰਸ਼ਾਸਨ ਵੱਲੋਂ ਤਜਰਬੇਕਾਰ ਸ਼ੂਟਿੰਗ ਕੋਚ ਦੇ ਸਹਿਯੋਗ ਨਾਲ ਇਸ ਕੈਂਪ ਰਾਹੀਂ ਵਿਆਪਕ ਸਿਖਲਾਈ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਖੇਡਾਂ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਬਲਜਿੰਦਰ ਸਿੰਘ ਨੇ ਦੱਸਿਆ ਕਿ ਇਹ ਕੈਂਪ ਕਾਲਜ ਦੀ ਸ਼ੂਟਿੰਗ ਰੇਂਜ ਵਿੱਚ ਹੁਨਰਮੰਦ ਅਧਿਆਪਕਾਂ ਦੀ ਨਿਗਰਾਨੀ ਹੇਠ ਲਗਾਇਆ ਗਿਆ ਹੈ। ਕੈਂਪ ਵਿੱਚ ਰਾਈਫ਼ਲ ਸ਼ੂਟਿੰਗ, ਪਿਸਟਲ ਸ਼ੂਟਿੰਗਗ ਅਤੇ ਟ੍ਰੈਪ ਸ਼ੂਟਿੰਗ ਦੇ ਨਾਲ ਨਾਲ ਬੁਨਿਆਦੀ ਸ਼ੂਟਿੰਗ ਤਕਨੀਕਾਂ, ਸਰੀਰ ਦੀ ਸਥਿਤੀ, ਸਾਹ ਨਿਯੰਤਰਨ, ਇਕਾਗਰਤਾ ਅਤੇ ਮਾਨਸਿਕ ਲਚਕੀਲੇਪਣ 'ਤੇ ਕੇਂਦਰਿਤ ਕਰਦੇ ਹੋਏ ਕੈਂਪ ਦੇ ਪਾਠਕ੍ਰਮ ਵਿਚ ਸਿਧਾਂਤਕ ਅਤੇ ਵਿਹਾਰਕ ਸੈਸ਼ਨ ਸ਼ਾਮਲ ਕੀਤੇ ਗਏ ਹਨ।



ਕਾਲਜ ਦੀ ਸ਼ੂਟਿੰਗ ਰੇਂਜ ਵਿੱਚ ਸਿਖਲਾਈ ਪ੍ਰਾਪਤ ਕਰਦੇ ਹੋਏ ਸਿਖਿਆਰਥੀ। -ਫੋਟੋ: ਗਿੱਲ

Name of the Newspaper ਅਜੀਤ

Date 20.6.2021 Day ਐਤਵਾਰ

Page No. 6

Column No. 4



ਆਈ. ਸੀ. ਐੱਫ. ਡਰੈਗਨ ਕਿਸ਼ਤੀ ਮੁਕਾਬਲਿਆਂ 'ਚ ਤਗਮੇ ਜਿੱਤਣ ਵਾਲੇ ਜੀ. ਐੱਚ. ਜੀ. ਖ਼ਾਲਸਾ ਕਾਲਜ ਗੁਰੂਸਰ ਸੁਧਾਰ ਦੇ ਖਿਡਾਰੀ ਪ੍ਰਿੰ: ਡਾ. ਹਰਪ੍ਰੀਤ ਸਿੰਘ, ਵਿਭਾਗ ਮੁਖੀ ਪ੍ਰੋ. ਤੇਜਿੰਦਰ ਸਿੰਘ ਤੇ ਹੋਰਨਾਂ ਨਾਲ। ਤਸਵੀਰ : ਬਲਵਿੰਦਰ ਸਿੰਘ ਧਾਲੀਵਾਲ

TENTH ICF DRAGON BOAT COMPETITIONS

# ਦਸਵੀਂ ਰਾਸ਼ਟਰੀ ਆਈ. ਸੀ. ਐੱਫ. ਡਰੈਗਨ ਕਿਸ਼ਤੀ ਮੁਕਾਬਲੇ 'ਚ ਸੁਧਾਰ ਕਾਲਜ ਦੀਆਂ ਸ਼ਾਨਦਾਰ ਪ੍ਰਾਪਤੀਆਂ

ਗੁਰੂਸਰ ਸੁਧਾਰ, 18 ਜੂਨ (ਬਲਵਿੰਦਰ ਸਿੰਘ ਧਾਲੀਵਾਲ)-ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਦੇ ਖਿਡਾਰੀਆਂ ਨੇ ਮਾਣਮੱਤੀ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਲੋਅਰ ਝੀਲ ਭੁਪਾਲ (ਮੱਧ ਪ੍ਰਦੇਸ਼) ਵਿਖੇ ਹੋਈ ਦਸਵੀਂ ਆਈ. ਸੀ. ਐੱਫ. ਡਰੈਗਨ ਕਿਸ਼ਤੀ ਮੁਕਾਬਲੇ 'ਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਕਾਲਜ ਦੀ ਖਿਡਾਰਨ ਬਲਜੀਤ ਕੌਰ ਨੇ 2 ਕਿਲੋਮੀਟਰ 'ਚ ਸੋਨ ਤਗਮਾ, 500 ਮੀਟਰ 'ਚ ਚਾਂਦੀ ਤਗਮਾ ਤੇ 200 ਮੀਟਰ ਵਿਚ ਕਾਂਸੀ ਦਾ ਤਗਮਾ ਜਿੱਤਿਆ। ਗੁਰਵਿੰਦਰ ਸਿੰਘ ਨੇ 2 ਕਿਲੋਮੀਟਰ ਵਿਚ ਸੋਨ, 500 ਮੀਟਰ ਵਿਚ ਕਾਂਸੀ ਤੇ 200 ਮੀਟਰ ਵਿਚ ਚਾਂਦੀ ਦਾ ਤਗਮਾ ਜਿੱਤਿਆ। ਮਨਦੀਪ ਸਿੰਘ ਨੇ 200 ਮੀਟਰ ਵਿਚ ਕਾਂਸੀ ਤੇ ਮਨਪ੍ਰੀਤ ਸਿੰਘ ਨੇ 2 ਕਿਲੋਮੀਟਰ ਵਿਚ ਕਾਂਸੀ, 200 ਮੀਟਰ ਵਿਚ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਸੋਨੂੰ ਸਿੰਘ ਨੇ 2 ਕਿਲੋਮੀਟਰ ਵਿਚ ਸੋਨ ਤਗਮਾ, 500 ਮੀਟਰ ਵਿਚ ਚਾਂਦੀ ਤਗਮਾ, 200 ਮੀਟਰ ਵਿਚ ਕਾਂਸੀ ਤੇ 2 ਕਿਲੋਮੀਟਰ ਮਿਕਸ 'ਚ ਕਾਂਸੀ ਦੇ ਤਗਮੇ ਜਿੱਤੇ। ਕਾਲਜ ਪਹੁੰਚਣ 'ਤੇ ਹਾਜ਼ਰ ਸਟਾਫ਼ ਵਲੋਂ ਹੋਣਹਾਰ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸ਼ਾਨਦਾਰ ਪ੍ਰਾਪਤੀ 'ਤੇ ਕਾਲਜ ਪ੍ਰਿੰ: ਡਾ. ਹਰਪ੍ਰੀਤ ਸਿੰਘ ਸਮੇਤ ਵਿਭਾਗ ਮੁਖੀ ਪ੍ਰੋ. ਤੇਜਿੰਦਰ ਸਿੰਘ, ਡਾ. ਬਲਜਿੰਦਰ ਸਿੰਘ, ਪ੍ਰੋ. ਅਰੁਣ, ਪ੍ਰੋ. ਵਿਨੋਦ, ਪ੍ਰੋ. ਇੰਦਰਜੀਤ ਸਿੰਘ ਆਦਿ ਨੇ ਤਗਮਾ ਜੇਤੂ ਖਿਡਾਰੀਆਂ ਨੂੰ ਹਾਰਦਿਕ ਮੁਬਾਰਕਬਾਦ ਦਿੱਤੀ ਹੈ।

Name of the Newspaper ਅਜੀਤ (ਜਲੰਧਰ)

Date 3.9.2022 Day ਸ਼ਨਿੱਚਰਵਾਰ

Page No. ੪

Column No. PUNJAB STATE GAMES AT GHG KHALSA COLLEGE GURUSAR SADHAR

# 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਬਲਾਕ ਸੁਧਾਰ ਦੀਆਂ ਖੇਡਾਂ ਖ਼ਾਲਸਾ ਕਾਲਜ ਸੁਧਾਰ ਵਿਖੇ ਸ਼ੁਰੂ



ਜੀ.ਐੱਚ.ਜੀ. ਖ਼ਾਲਸਾ ਕਾਲਜ ਗੁਰੂਸਰ ਸੁਧਾਰ ਵਿਖੇ ਸ਼ੁਰੂ ਹੋਈਆਂ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਬਲਾਕ ਸੁਧਾਰ ਦੇ ਖਿਡਾਰੀ ਇਕ ਦੌੜ ਅੰਦਰ ਹਿੱਸਾ ਲੈਂਦੇ ਹੋਏ। ਤਸਵੀਰ: ਧਾਲੀਵਾਲ

ਗੁਰੂਸਰ ਸੁਧਾਰ, 2 ਸਤੰਬਰ (ਬਲਵਿੰਦਰ ਸਿੰਘ ਧਾਲੀਵਾਲ)-ਸੂਬਾ ਸਰਕਾਰ ਵਲੋਂ ਉਲੀਕੇ ਪ੍ਰੋਗਰਾਮ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਬਲਾਕ ਸੁਧਾਰ ਦੀਆਂ ਖੇਡਾਂ ਦੀ ਸ਼ੁਰੂਆਤ ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਦੇ ਖੇਡ ਮੈਦਾਨਾਂ ਅੰਦਰ ਕੀਤੀ ਗਈ। ਉਦਘਾਟਨ ਸਮਾਗਮ ਮੌਕੇ ਡਾਇਰੈਕਟਰ ਬਿਜਨੈੱਸ਼ ਸਟੱਡੀਜ਼ ਵਿਭਾਗ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਡਾ: ਰਮਨਦੀਪ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿਚ ਸੁਧਾਰ ਕਾਲਜ ਦੀਆਂ ਸ਼ਾਨਦਾਰ ਤੇ ਅਤਿ ਆਧੁਨਿਕ ਖੇਡ ਸਹੂਲਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦੀ ਬਦੌਲਤ ਕਾਲਜ ਨੇ ਅਨੇਕਾਂ ਰਾਸ਼ਟਰੀ, ਅੰਤਰਰਾਸ਼ਟਰੀ ਖਿਡਾਰੀ ਪੈਦਾ ਕੀਤੇ ਤੇ ਦੇਸ਼ਾਂ-ਵਿਦੇਸ਼ਾਂ ਵਿਚ ਖਿਡਾਰੀਆਂ ਨੂੰ ਹੁਨਰ ਦਿਖਾਉਣ ਦਾ ਮੌਕਾ ਮਿਲਿਆ ਹੈ। ਕਾਲਜ ਪ੍ਰਿੰ: ਡਾ. ਹਰਪ੍ਰੀਤ ਸਿੰਘ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਕਾਲਜ ਹਮੇਸ਼ਾਂ ਹੀ ਅਕਾਦਮਿਕ, ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਕਰਵਾਉਣ ਲਈ ਤਤਪਰ ਰਹਿੰਦਾ ਹੈ। ਖੇਡ ਵਿਭਾਗ ਮੁਖੀ ਡਾ. ਬਲਜਿੰਦਰ ਸਿੰਘ ਨੇ ਦੱਸਿਆ ਕਿ ਅੰਡਰ-14 ਵਰਗ ਵਿਚ 278 ਖਿਡਾਰੀ ਐਥਲੈਟਿਕਸ, ਫੁੱਟਬਾਲ, ਰੱਸਾਕਸੀ, ਖ਼ੋ-ਖ਼ੋ, ਕਬੱਡੀ (ਨੈਸ਼ਨਲ ਤੇ ਸਰਕਲ) ਤੇ ਵਾਲੀਬਾਲ ਦੇ ਮੁਕਾਬਲਿਆਂ ਅੰਦਰ ਭਾਗ ਲੈ ਰਹੇ ਹਨ। ਇਸ ਮੌਕੇ ਹੋਰਨਾਂ ਸਮੇਤ ਪ੍ਰੋ. ਅਰੁਣ ਕੁਮਾਰ, ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਵਿਨੋਦ ਕੁਮਾਰ, ਪ੍ਰੋ. ਸੁਖਜਿੰਦਰ ਕੌਰ ਆਦਿ ਸਮੇਤ ਹੋਰ ਕਾਲਜ ਸਟਾਫ਼ ਮੈਂਬਰ ਹਾਜ਼ਰ ਸਨ।

Name of the Newspaper ਅਜੀਤ (ਜਲੰਧਰ)

Date 9.9.2021 Day ਵੀਰਵਾਰ

Page No. 6

Column No. 2

PUNJAB STATE GAMES AT GHG KHALSA COLLEGE GURUSAR SADHAR

# 'ਖੇਡਾਂ ਵਤਨ ਪੰਜਾਬ ਦੀਆਂ' ਬਲਾਕ ਸੁਧਾਰ 'ਚ ਮੇਜ਼ਬਾਨ ਖ਼ਾਲਸਾ ਕਾਲਜ ਸੁਧਾਰ ਦੀ ਝੰਡੀ



ਜੀ.ਐਚ.ਜੀ. ਖ਼ਾਲਸਾ ਕਾਲਜ ਗੁਰੂਸਰ ਸੁਧਾਰ ਵਿਖੇ ਸਮਾਪਤ ਹੋਈਆਂ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਫੁੱਟਬਾਲ ਲੜਕੇ ਟੀਮ ਦੇ ਖਿਡਾਰੀਆਂ ਨਾਲ ਕਾਲਜ ਦੇ ਖੇਡ ਵਿਭਾਗ ਦੇ ਸਮੂਹ ਪ੍ਰੋ: ਸਾਹਿਬਾਨ। *ਤਸਵੀਰ: ਧਾਲੀਵਾਲ*

ਗੁਰੂਸਰ ਸੁਧਾਰ, 8 ਸਤੰਬਰ (ਬਲਵਿੰਦਰ ਸਿੰਘ ਧਾਲੀਵਾਲ)-ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸੁਧਾਰ 'ਚ ਬਲਾਕ ਸੁਧਾਰ ਦੀਆਂ ਪਿਛਲੇ ਦਿਨਾਂ ਤੋਂ ਸੂਬਾ ਸਰਕਾਰ ਵਲੋਂ ਨਿਰਧਾਰਿਤ 'ਖੇਡਾਂ ਵਤਨ ਪੰਜਾਬ ਦੀਆਂ' ਸਫ਼ਲਤਾਪੂਰਵਕ ਸਮਾਪਤ ਹੋ ਗਈਆਂ ਤੇ ਮੇਜ਼ਬਾਨ ਖ਼ਾਲਸਾ ਕਾਲਜ ਸੁਧਾਰ ਨੇ ਇਨ੍ਹਾਂ ਖੇਡਾਂ ਵਿਚ ਝੰਡੀ ਕਾਇਮ ਰੱਖੀ। ਖੇਡਾਂ ਦੇ ਕਨਵੀਨਰ ਪ੍ਰੋ: ਗੁਰਪ੍ਰੀਤ ਸਿੰਘ ਮੱਲ੍ਹੀ, ਕੋ-ਕਨਵੀਨਰ ਡਾ: ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਅਥਲੈਟਿਕਸ, ਰੱਸਾਕਸ਼ੀ, ਵਾਲੀਬਾਲ, ਖੋ-ਖੋ-, ਫੁੱਟਬਾਲ, ਕਬੱਡੀ ਰਾਸ਼ਟਰੀ ਤੇ ਪੰਜਾਬ ਸਟਾਈਲ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਖੇਡਾਂ ਦੌਰਾਨ ਇਕ ਹਜ਼ਾਰ ਤੋਂ ਵਧੇਰੇ ਖਿਡਾਰੀਆਂ ਨੇ ਹਿੱਸਾ ਲਿਆ। ਖ਼ਾਲਸਾ ਕਾਲਜ ਸੁਧਾਰ ਨੇ ਫੁੱਟਬਾਲ ਲੜਕੇ ਤੇ ਲੜਕੀਆਂ ਤੇ ਰੱਸਾਕਸ਼ੀ ਦੇ ਲੜਕੀਆਂ ਦੇ ਮੁਕਾਬਲਿਆਂ ਅੰਦਰ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਕਾਲਜ ਆਫ਼ ਐਜੂਕੇਸ਼ਨ ਸੁਧਾਰ ਦੀ ਇਸੇ ਵਰਗ ਰੱਸਾਕਸ਼ੀ ਲੜਕੀਆਂ ਦੀ ਟੀਮ ਦੂਜੇ ਸਥਾਨ 'ਤੇ ਰਹੀ। ਕਾਲਜ ਦੀ ਰੱਸਾਕਸ਼ੀ ਲੜਕਿਆਂ ਦੀ ਟੀਮ ਸਿੱਧੇ ਰੂਪ ਵਿਚ ਜ਼ਿਲ੍ਹਾ ਪੱਧਰੀ ਮੁਕਾਬਲੇ ਅੰਦਰ ਪਹੁੰਚ ਗਈ। ਐਥਲੈਟਿਕਸ ਸ਼ਾਟਪੁੱਟ 'ਚ ਕਾਲਜ ਦੀ ਸਰਿਤਾ ਕੁਮਾਰੀ, ਮਨਪ੍ਰੀਤ ਕੌਰ, ਰਮਨਦੀਪ ਕੌਰ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਡਿਸਕਸ ਥਰੋ ਵਿਚ ਸੰਦੀਪ ਕੌਰ ਨੇ ਪਹਿਲਾ, ਰਮਨਦੀਪ ਕੌਰ ਨਾਂਅ ਦੀਆਂ ਦੋ ਵਿਦਿਆਰਥਣਾਂ ਨੇ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਲੰਬੀ ਛਾਲ ਵਿਚ ਰਮਨਦੀਪ ਕੌਰ ਨੇ ਪਹਿਲਾ, ਸੰਦੀਪ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀ ਜਸ਼ਨਦੀਪ ਸਿੰਘ ਨੇ 400 ਮੀਟਰ ਦੌੜ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਇੰਦਰਪ੍ਰੀਤ ਸਿੰਘ ਦੀ ਚੋਣ ਸਿੱਧੇ ਰੂਪ 'ਚ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਹੋਈ। 'ਖੇਡਾਂ ਵਤਨ ਪੰਜਾਬ ਦੀਆਂ' 'ਚ ਸ਼ਾਨਦਾਰ ਪ੍ਰਾਪਤੀਆਂ ਬਦਲੇ ਕਾਲਜ ਪ੍ਰਿੰ: ਡਾ: ਹਰਪ੍ਰੀਤ ਸਿੰਘ, ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰ: ਡਾ: ਪਰਗਟ ਸਿੰਘ ਗਰਚਾ, ਪ੍ਰੋ: ਇੰਦਰਜੀਤ ਸਿੰਘ, ਪ੍ਰੋ: ਅਰੁਣ ਕੁਮਾਰ, ਪ੍ਰੋ: ਵਿਨੋਦ ਕੁਮਾਰ, ਪ੍ਰੋ: ਸੁਖਜਿੰਦਰ ਕੌਰ ਆਦਿ ਸਮੇਤ ਸਮੂਹ ਕਾਲਜਿਜ਼ ਸਟਾਫ਼ ਮੈਂਬਰਾਂ ਨੇ ਜੇਤੂ ਵਿਦਿਆਰਥੀਆਂ ਤੇ ਖੇਡ ਵਿਭਾਗ ਨੂੰ ਹਾਰਦਿਕ ਵਧਾਈ ਦਿੱਤੀ ਹੈ।

Name of the Newspaper ਪੰਜਾਬੀ ਟ੍ਰਿਬਿਊਨ (ਲੁਧਿਆਣਾ)

Date 16.10.2021 Day ਸ਼ਨੀਵਾਰ

Page No. 7

Column No. 3

INTERNATION PLAYERS SADHAR COLLEGE FOOTBAL CLUB

# ਕੌਮਾਂਤਰੀ ਖਿਡਾਰੀ ਸੁਧਾਰ ਕਾਲਜ ਦੇ ਫੁਟਬਾਲ ਕਲੱਬ ’ਚ ਸ਼ਾਮਲ



ਕੌਮਾਂਤਰੀ ਫੁੱਟਬਾਲ ਖਿਡਾਰੀ ਡਾਰਲਿੰਗਟਨ ਡੀ. ਕਪਾਂਗਬਾਈ ਦਾ ਸੁਆਗਤ ਕਰਦੇ ਹੋਏ ਕੋਚ ਮੁਹੰਮਦ ਅਕਬਰ। -ਫੋਟੋ: ਗਿੱਲ

ਗੁਰੂਸਰ ਸੁਧਾਰ: ਪੱਛਮੀ ਅਫ਼ਰੀਕੀ ਦੇਸ਼ ਲਾਇਬੇਰੀਆ ਗਣਰਾਜ ਦੇ ਕੌਮਾਂਤਰੀ ਫੁਟਬਾਲ ਖਿਡਾਰੀ ਡਾਰਲਿੰਗਟਨ ਡੀ. ਕਪਾਂਗਬਾਈ ਨੂੰ ਅਗਲੇ ਤਿੰਨ ਸਾਲ ਲਈ ਸਥਾਨਕ ਗੁਰੂ ਹਰਗੋਬਿੰਦ ਖ਼ਾਲਸਾ ਸੁਧਾਰ ਦੀ ਕਾਲਜ ਦੀ ਫੁਟਬਾਲ ਕਲੱਬ ਵਿੱਚ ਸ਼ਾਮਲ ਕੀਤਾ ਗਿਆ ਹੈ। ਫੈੱਡਰੇਸ਼ਨ ਆਫ਼ ਇੰਟਰਨੈਸ਼ਨਲ ਫੁਟਬਾਲ ਐਸੋਸੀਏਸ਼ਨ ਵੱਲੋਂ ਮਾਨਤਾ ਪ੍ਰਾਪਤ ਕੌਮਾਂਤਰੀ ਫੁਟਬਾਲ ਖਿਡਾਰੀ ਡਾਰਲਿੰਗਟਨ ਡੀ. ਕਪਾਂਗਬਾਈ ਨੇ ਉਚੇਰੀ ਸਿੱਖਿਆ ਲਈ ਸਥਾਨਕ ਖਾਲਸਾ ਕਾਲਜ ਵਿੱਚ ਦਾਖ਼ਲਾ ਲਿਆ ਹੈ। ਇਹ ਜਾਣਕਾਰੀ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾਕਟਰ ਬਲਜਿੰਦਰ ਸਿੰਘ, ਟੀਮ ਮੈਨੇਜਰ ਭਰਨਦੀਪ ਸਿੰਘ ਗਿੱਲ ਅਤੇ ਮੁੱਖ ਕੋਚ ਮੁਹੰਮਦ ਅਕਬਰ ਨੇ ਦਿੱਤੀ ਹੈ। ਚੋਟੀ ਦੇ ਕੌਮਾਂਤਰੀ ਫੁਟਬਾਲ ਖਿਡਾਰੀ ਵੱਲੋਂ ਖ਼ਾਲਸਾ ਕਾਲਜ ਸੁਧਾਰ ਵਿੱਚ ਪ੍ਰਵੇਸ਼ ਕਰਨ ’ਤੇ ਕਾਲਜ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਡਾਕਟਰ ਹਰਪ੍ਰੀਤ ਸਿੰਘ ਨੇ ਸਵਾਗਤ ਕੀਤਾ ਤੇ ਕੌਮਾਂਤਰੀ ਖਿਡਾਰੀ ਦੇ ਦਾਖ਼ਲੇ ਨੂੰ ਸੰਸਥਾ ਲਈ ਮਾਣ ਵਾਲੀ ਗੱਲ ਦੱਸਿਆ ਹੈ। -ਪੱਤਰ ਪ੍ਰੇਰਕ

Name of the Newspaper ਪੰਜਾਬੀ ਟ੍ਰਿਬਿਊਨ (ਲੁਧਿਆਣਾ)

Date 4.11.2022 Day ਸ਼ੁਕਰਵਾਰ

Page No. 9

Column No. 4

LI

MERITORIOUS ACHIEVEMENTS OF SADHAR COLLEGE PLAYERS

# ਖ਼ਾਲਸਾ ਕਾਲਜ ਦੇ ਖਿਡਾਰੀਆਂ ਨੇ 'ਵਰਸਿਟੀ ਖੇਡਾਂ 'ਚ ਮਾਰੀਆਂ ਮੱਲਾਂ

**ਪੱਤਰ ਪ੍ਰੇਰਕ**

**ਗੁਰੂਸਰ ਸੁਧਾਰ, 3 ਨਵੰਬਰ**

ਸਥਾਨਕ ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਦੀਆਂ ਹਾਕੀ, ਕਬੱਡੀ ਅਤੇ ਫੁਟਬਾਲ ਟੀਮਾਂ ਨੇ ਪੰਜਾਬ ਯੂਨੀਵਰਸਿਟੀ ਅੰਤਰ-ਕਾਲਜ ਚੈਂਪੀਅਨਸ਼ਿਪ ਵਿਚ ਚੋਟੀ ਦੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਇੱਥੇ ਹੋਏ ਅੰਤਰ-ਕਾਲਜ ਕਬੱਡੀ ਟੂਰਨਾਮੈਂਟ ਦੇ ਮੁੱਖ ਮਹਿਮਾਨ ਹਲਕਾ ਘਨੌਰ ਤੋਂ ਵਿਧਾਇਕ ਅਤੇ ਭਾਰਤੀ ਕਬੱਡੀ ਟੀਮ ਦੇ ਸਾਬਕਾ ਕਪਤਾਨ ਗੁਰਲਾਲ ਸਿੰਘ ਨੇ ਮੇਜ਼ਬਾਨ ਕਾਲਜ ਦੀਆਂ ਲੜਕੀਆਂ ਦੀ ਕਬੱਡੀ ਟੀਮ ਵੱਲੋਂ ਸੋਨ ਤਗਮਾ ਜਿੱਤਣ ਦੀ ਸ਼ਲਾਘਾ ਕੀਤੀ। ਟੀਮ ਦੇ ਕੋਚ ਜਗਤਾਰ ਸਿੰਘ ਨੇ ਦੱਸਿਆ ਕਿ ਕੁਝ ਖਿਡਾਰੀਆਂ ਨੇ ਹਾਲ ਹੀ ਵਿਚ ਮਲੇਸ਼ੀਆ ਵਿਚ ਹੋਏ ਕਬੱਡੀ ਟੂਰਨਾਮੈਂਟ ਵਿਚ ਵੀ ਹਿੱਸਾ ਲਿਆ ਹੈ। ਕਾਲਜ ਦੀਆਂ ਲੜਕੀਆਂ ਦੀ ਫੁਟਬਾਲ ਟੀਮ ਨੇ ਵੀ ਓਵਰਆਲ ਅੰਤਰ-ਕਾਲਜ ਚੈਂਪੀਅਨਸ਼ਿਪ ਵਿਚ ਜਿੱਤ ਦਰਜ ਕੀਤੀ ਹੈ। ਟੀਮ ਦੀ ਕੋਚ ਡਾ. ਸੁਖਜਿੰਦਰ ਕੌਰ ਨੇ ਕਿਹਾ ਕਿ ਕਈ ਖਿਡਾਰਨਾਂ ਨੇ ਪਹਿਲੀ ਵਾਰ ਮੁਕਾਬਲੇ ਵਿਚ ਹਿੱਸਾ ਲਿਆ ਸੀ। ਯੂਨੀਵਰਸਿਟੀ ਕੈਂਪਸ ਵਿਚ ਹੋਏ ਪੰਜਾਬ ਯੂਨੀਵਰਸਿਟੀ ਅੰਤਰ-ਕਾਲਜ ਹਾਕੀ ਟੂਰਨਾਮੈਂਟ (ਲੜਕੇ) ਵਿਚ ਕਾਲਜ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ ਹੈ। ਪ੍ਰਬੰਧਕੀ ਕੌਂਸਲ ਦੇ ਪ੍ਰਧਾਨ ਮਨਜੀਤ ਸਿੰਘ ਗਿੱਲ, ਸਕੱਤਰ ਡਾ. ਐੱਸਐੱਸ ਥਿੰਦ ਅਤੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਨੇ ਕੋਚਾਂ ਅਤੇ ਖਿਡਾਰੀਆਂ ਦੀ ਸ਼ਲਾਘਾ ਕੀਤੀ।



ਜੇਤੂ ਖਿਡਾਰੀਆਂ ਨਾਲ ਕਾਲਜ ਪ੍ਰਬੰਧਕ।-ਫੋਟੋ: ਗਿੱਲ

ESTD. 1971

# GURU TEGH BAHADUR NATIONAL COLLEGE, DAKHA
## (DIST. LUDHIANA)-141102

(AFFILIATED TO PANJAB UNIVERSITY, CHANDIGARH, RECOGNISED BY U.G.C. & ACCREDITED BY NAAC)

Ref. No. 98/GTBNC/2023/32 Dated 16.2.2023

To

The Principal,
G.H.G Khalsa College,
Gurusar Sudhar

Sub:-Deputing 10 students of physical Education department to help us our in sports meet on 24 & 25 Feb,2023 .

Sir,

Kindly depute 10 students from your physical Education department to help us in organization of the Annual Sports Meet on the above mentioned date.

Their efforts will be suitably rewarded.

Thanking You,

Yours sincerely

(Dr Avtar Singh)

Principal

Dr. Baljinder Sr
17/2/23

Phone : 0161-2878104 | Mobile : 81959-97173
E-mail : gtbncdakhaa@yahoo.co.in ; principalgtbncdakhaa@gmail.com | Website : www.gtbdakha.com

NAAC [illegible]

Since : 1997

GTB-IMT
DAKHA

# Guru Teg Bahadur Institute of Management & Technology

(Approved by AICTE, New Delhi & Affiliated with IKG Punjab Technical University, Jalandhar.)

COLLEGE ROAD, DAKHA, LUDHIANA-PUNJAB (141 102) ☎ 0161-2879664, 2881487

Ref. No. 219/GTBIMT Dated 16/03/2023

To

The Principal

GHG Khalsa College,

Guru Sarsidhar, Ludhiana

**Subject: Deputation of MPED students**

Respected Sir,

Our institute organizing two days IKG Punjab Technical University annual athletic meet on 21st & 22nd March 2023, Please depute BPED & MPEd students for smooth conducting of University Athletic Meet at our institute. It helps us very much and students get on ground practical training.

Thanking you

With regards

Allowed

15/3/23

Director
Guru Teg Bahadur Institute
of Management & Technology
DAKHA, (LUDHIANA).

"lets make education better"

# KHALSA COLLEGE FOR WOMEN

AFFILIATED TO PANJAB UNIVERSITY, CHANDIGARH

Civil Lines, Ludhiana-141001.
Phone : 0161-2420987, 0161-4679089
Email : kcwldh@outlook.com


Ref. No. 5963/KCW/2023

Dated : 27/02/2023

To

The Principal

GHG Khalsa College

Gurusar Sadhar

Respected Sir

It would be a pleasure if you depute M.P.ED (08) Students of your college to conduct the events of the Annual Athletic meet of our College going to be held from 03rd & 04th March, 2023.

Thanking you

Yours faithfully

Dr. Baljinder S.
Pl. discuss

Prof Jigyasa may be deputed,

PRINCIPAL Principal
Khalsa College For Women
Civil Lines, Luhdiana

USE OF COLLEGE ASTROTURF HOCKEY GROUND FOR PRACTICE


# Principal Govt. Sen. Sec. School, Hans Kalan

Tehsil Jagraon, Distt. Ludhiana

**ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਂਸ ਕਲਾਂ (ਜਿਲ੍ਹਾ ਲੁਧਿਆਣਾ)**

e-mail: gsss.ldh.hanskalan@gmail.com


To ਪ੍ਰਿੰਸੀਪਲ ਸਾਹਿਬ,
ਜੀ.ਐਚ.ਜੀ. ਖਾਲਸਾ ਕਾਲਿਜ
ਗੁਰੂਸਰ ਸੁਧਾਰ

Ref. No. Special/1/ oct 2022. Date 20-10-2022.

ਵਿਸ਼ਾ:- ਸਕੂਲ ਦੀ ਹਾਕੀ ਟੀਮ ਦੀ ਆਸਟ੍ਰੋਟਰਫ ਤੇ ਪ੍ਰੈਕਟਿਸ ਕਰਾਉਣ ਲਈ ਬੇਨਤੀ।

ਸ੍ਰੀਮਾਨ ਜੀ,

ਸ਼ਹੀਦ ਉੱਤਮ ਸਿੰਘ ਹਾਂਸ ਸ.ਸ.ਸ.ਸ. ਸਕੂਲ, ਹਾਂਸ ਕਲਾਂ (ਲੁਧਿ:) ਦੀ ਹਾਕੀ ਟੀਮ (U-17, Boys) ਨੇ ਸਿੱਖਿਆ ਵਿਭਾਗ, ਪੰਜਾਬ ਵੱਲੋਂ ਆਯੋਜਿਤ ਹਾਕੀ ਟੂਰਨਾਮੈਂਟ ਵਿਚ ਮਿਤੀ 28-10-2022 ਤੋਂ 30-10-2022 ਤੱਕ ਭਾਗ ਲੈਣਾ ਹੈ। ਜ਼ਿਲ੍ਹਾ ਪੱਧਰੀ ਟੂਰਨਾਮੈਂਟ ਪੀ.ਏ.ਯੂ. ਲੁਧਿਆਣਾ ਦੀ ਐਸਟ੍ਰੋ-ਟਰਫ ਗਰਾਊਂਡ ਵਿਚ ਹੋਣਾ ਹੈ। ਸਕੂਲ ਦੀ ਟੀਮ ਦੇ ਖਿਡਾਰੀ ਸਕੂਲ ਦੀ ਕੁਦਰਤੀ ਘਾਹ ਵਾਲੀ ਗਰਾਊਂਡ ਵਿਚ ਪ੍ਰੈਕਟਿਸ ਕਰ ਰਹੇ ਹਨ, ਜੋ ਐਸਟ੍ਰੋ-ਟਰਫ ਗਰਾਊਂਡ ਤੇ ਪ੍ਰੈਕਟਿਸ ਕਰਨ ਲਈ ਸਕੂਲ ਵਿਚ ਪ੍ਰਬੰਧ ਨਹੀਂ ਹੈ।

ਆਪ ਜੀ ਦੇ ਕਾਲਿਜ ਕੈਂਪਸ ਦੀ ਐਸਟ੍ਰੋ-ਟਰਫ ਗਰਾਊਂਡ ਹੋਣ ਕਾਰਨ ਸਕੂਲ ਵੱਲੋਂ ਆਪ ਜੀ ਤੋਂ ਟੀਮ ਦੀ ਇਸ ਗਰਾਊਂਡ ਤੇ ਪ੍ਰੈਕਟਿਸ ਕਰਾਉਣ ਦੀ ਆਗਿਆ ਮੰਗੀ ਜਾਂਦੀ ਹੈ, ਜੇ ਤੁਸੀਂ ਪ੍ਰੈਕਟਿਸ ਦੀ ਮਨਜ਼ੂਰੀ ਦੇ ਸਕਦੇ ਹੋ ਤਾਂ ਇਸ ਲਈ ਨਿਯਤ ਮਿਤੀਆਂ ਤੇ ਸਮਾਂ (ਜੋ ਆਪ ਜੀ ਨੂੰ ਠੀਕ ਹੋਵੇ) ਦੇਣ ਦੀ ਕ੍ਰਿਪਾ ਕਰਨੀ।

ਆਪ ਵੱਲੋਂ ਕੀਤੀ ਜਾ ਰਹੀ ਸਹਾਇਤਾ ਲਈ ਪਹਿਲੋਂ ਧੰਨਵਾਦ ਹੈ।

Dr Balyinder

2

ਆਪ ਦੀ ਸ਼ੁਭਚਿੰਤਕਾ,

ਪ੍ਰਿੰਸੀਪਲ
ਸ਼.ਉ.ਸਿ.ਹਾਂਸ
ਸ.ਸੀ.ਸੈ.ਸ. ਸਕੂਲ,
ਹਾਂਸ ਕਲਾਂ (ਲੁਧਿਆਣਾ)

Dr. Baljinder Singh

# ORGANIZATION OF ZONAL ATHLETICS MEET IN COLLEGE PREMISES

ਵੱਲ:

ਪ੍ਰਿੰਸੀਪਲ,
ਜੀ. ਐਚ.ਜੀ. ਖਾਲਸਾ ਕਾਲਜ
ਗੁਰੂਸਰ ਸੁਧਾਰ(ਲੁਧਿ.)

**ਵਿਸ਼ਾ:- ਜ਼ੋਨਲ ਅਥਲੈਟਿਕਸ ਮੀਟ ਕਰਵਾਉਣ ਸੰਬੰਧੀ।**

ਸ਼੍ਰੀ ਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦਾਖਾ ਜ਼ੋਨ ਦੇ ਅਥਲੈਟਿਕਸ ਮੁਕਾਬਲੇ ਜੋ ਕਿ ਮਿਤੀ 01.11.2022 ਤੋਂ 05.11.2022 ਤੱਕ ਸ਼ੁਰੂ ਹੋਣ ਜਾ ਰਹੇ ਹਨ। ਇਹ ਮੁਕਾਬਲੇ ਆਪ ਜੀ ਦੇ ਕਾਲਜ਼ ਵਿਖੇ ਕਰਵਾਏ ਜਾਣੇ ਹਨ। ਕ੍ਰਿਪਾ ਕਰਕੇ ਇਹ ਮੁਕਾਬਲੇ ਕਰਵਾਉਣ ਦੀ ਆਗਿਆ ਦਿੱਤੀ ਜਾਵੇ ਜੀ। ਇਨ੍ਹਾਂ ਮੁਕਾਬਲਿਆ ਸੰਬੰਧੀ ਲੋੜੀਦਾ ਸਮਾਨ ਮੁਹਾਈਆ ਕਰਵਾਇਆ ਜਾਵੇ ਜੀ।

ਧੰਨਵਾਦ ਸਹਿਤ।

ਪ੍ਰਧਾਨ ਜ਼ੋਨ ਦਾਖਾ

**ਜੋਨਲ ਟੂਰਨਾਮੈਂਟ ਕਮੇਟੀ**
**ਦਾਖਾ (ਲੁਧਿਆਣਾ)**

# Punjab Amateur Rowing Association (Regd.)

**(AFFILIATED TO ROWING FEDERATION OF INDIA & POA)**

Email : gilljasbir71@mail.com

PRESIDENT
**MANINDER KAUR VIRK**
MOB. : 94174-11938

Sr. VICE PRESIDENT
**DAVINDER SINGH JATTANA**
MOB. : 98760-62736

GEN. SECRETARY
**JASBIR SINGH GILL**
MOB. : 98141-74963
Patti Jhanda
V.P.O. Dhudike (Moga)
Pin-142053


*Dated*..11../..10../2022

*Ref. No.* ...0199.....

INDOOR ROWING STATE CHAMPIONSHIP IN COLLEGE PREMISES

ਵੱਲ

ਪ੍ਰਿੰਸੀਪਲ ਸਾਹਿਬ,

ਜੀ.ਐਚ.ਜੀ ਖਾਲਸਾ ਕਾਲਜ

ਗੁਰੁਸਰ ਸੁਧਾਰ (ਲੁਧਿਆਣਾ)

ਵਿਸ਼ਾ;-ਸਟੇਟ ਚੈਂਪਿਅਨਸ਼ਿਪ ਦੀ ਮਨਜ਼ੂਰੀ ਲੈਣ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਬੇਨਤੀ ਹੈ ਕਿ ਇਸ ਸਾਲ ਦੂਜੀ ਇਨਡੋਰ ਰੋਇੰਗ ਸਟੇਟ ਚੈਂਪਿਅਨਸ਼ਿਪ ਲੁਧਿਆਣਾ ਰੋਇੰਗ ਐਸੋਸਿਏਸ਼ਨ ਵੱਲੋਂ ਪੰਜਾਬ ਰੋਇੰਗ ਐਸੋਸਿਏਸ਼ਨ ਦੀ ਸਰਪ੍ਰਸਤੀ ਹੇਠ 27 ਅਤੇ 28 ਅਕਤੂਬਰ ਨੂੰ ਕਰਵਾਈ ਜਾ ਰਹੀ ਹੈ,ਜੋ ਕਿ ਅਸੀਂ ਆਪ ਜੀ ਦੇ ਕਾਲਜ ਵਿੱਚ ਕਰਵਾਉਣਾ ਚਾਹੁੰਦੇ ਹਾਂ,ਜਿਸ ਲਈ ਸਾਨੂੰ ਆਪ ਜੀ ਦੀ ਮਨਜ਼ੂਰੀ ਚਾਹੀਦੀ ਹੈ। ਸਟੇਟ ਚੈਪਿਅਨਸ਼ਿਪ ਵਿੱਚ 150-200 ਬੱਚੇ ਹੋਣਗੇ,ਜਿਨ੍ਹਾਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਵੀ ਕਾਲਜ ਵਿੱਚ ਕੀਤਾ ਜਾਵੇਗਾ ਅਤੇ ਸਾਨੂੰ ਜਿਮਨਾਸਟਿਕ ਹਾਲ ਦੀ ਮਨਜ਼ੂਰੀ ਵੀ ਦਿੱਤੀ ਜਾਵੇ ।ਕ੍ਰਿਪਾ ਕਰਕੇ ਸਾਨੂੰ ਬੱਚਿਆਂ ਦੇ ਖਾਣ-ਪੀਣ ਅਤੇ ਰਹਿਣ-ਸਹਿਣ ਦਾ ਕਿਰਾਇਆ ਦੱਸ ਦਿੱਤਾ ਜਾਵੇ,ਅਸੀਂ ਆਪ ਜੀ ਦੇ ਧੰਨਵਾਦੀ ਹੋਵਾਂਗੇ।

ਪੰਜਾਬ ਐਮਿਊਚਰ ਰੋਇੰਗ ਐਸੋਸਿਏਸ਼ਨ

ਜਰਨਲ ਸਕੱਤਰ

ਜਸਵੀਰ ਸਿੰਘ ਗਿੱਲ

PUNJAB AMATEUR ROWING ASSOCIATION REGD.

Gen. Secretary
Punjab Amateur Rowing Association

# USE OF COLLEGE ASTROTURF HOCKEY GROUND FOR PRACTICE

ਵੱਲੋਂ :-
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਬੋਪਾਰਾਏ ਕਲਾਂ, ਜ਼ਿਲਾ ਲੁਧਿਆਣਾ। Ph.: 01624-272485
E-mail : gsss.ldh.boparaikalan@punjabeducation.gov.in

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਪਾਰਾਏ ਕਲਾਂ, ਜ਼ਿਲਾ ਲੁਧਿਆਣਾ

ਵੱਲ :- ਪ੍ਰਿੰਸੀਪਲ
ਜੀ. ਐਚ. ਜੀ. ਖਾਲਸਾ ਕਾਲਜ
ਸੁਧਾਰ

ਪੱਤਰ ਨੰ: 471

ਮਿਤੀ 22.09.2022

ਵਿਸ਼ਾ:- ਸਕੂਲ ਦੀ ਹਾਕੀ ਟੀਮ ਨੂੰ ਐਸਟ੍ਰੋਟਰਫ ਹਾਕੀ ਗਰਾਊਂਡ 'ਤੇ ਪ੍ਰੈਕਟਿਸ ਕਰਵਾਉਣ ਸਬੰਧੀ।

ਬੇਨਤੀ ਹੈ ਕਿ ਸਾਡੇ ਸਕੂਲ ਦੀ ਟੀਮ U/17 ਅਤੇ U/19 ਹਾਕੀ (ਲੜਕੇ) ਜ਼ੋਨਲ ਖੇਡਾਂ ਵਿੱਚ ਪਹਿਲੇ ਸਥਾਨ 'ਤੇ ਆਉਣ ਕਾਰਨ ਸਾਡੇ ਸਕੂਲ ਵਿੱਚ ਜ਼ਿਲ੍ਹਾ ਸਬੰਧੀ ਕੈਂਪ ਲੱਗ ਰਹੇ ਹਨ। ਇਸ ਲਈ ਖਿਡਾਰੀਆਂ ਦੇ ਹੋਰ ਸੁਵਿਧਾਏ PAU ਐਸਟ੍ਰੋਟਰਫ 'ਤੇ ਕਰਵਾਏ ਜਾਂਦੇ ਹਨ। ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਸਾਨੂੰ ਕੁਝ ਸਮਾਂ ਲਈ ਐਸਟ੍ਰੋਟਰਫ 'ਤੇ ਪ੍ਰੈਕਟਿਸ ਕਰਵਾਉਣ ਲਈ ਤੁਹਾਡੇ ਕਾਲਜ ਦੇ ਗਰਾਊਂਡ ਵਿੱਚ ਖੇਡਣ ਦੀ ਇਜਾਜ਼ਤ ਦਿੱਤੀ ਜਾਵੇ।

ਧੰਨਵਾਦ ਸਹਿਤ

(Signature) 27/09/22
ਪ੍ਰਿੰਸੀਪਲ
ਸ. ਸ .ਸ. ਸਕੂਲ
ਬੋਪਾਰਾਏ ਕਲਾਂ (ਲੁਧਿ:)

# G.H.G. KHALSA COLLEGE

(Accredited by NAAC with 'A' Grade)
Gurusar Sadhar, Distt. Ludhiana (Punjab) - 141104
Affiliated to Panjab University, Chandigarh


Dated.....3-9-2022.........

*Ref. No*....12/GHG............

The Director Sports
Panjab Universiy
Chandigarh.

Subject:- **To conduct Inter-College Tournament at our college campus-consent thereof.**

Sir,

Reference your letter No. 2517-99 dated 31-8-2022, our college is interested to conduct the following Inter College tournaments at our college campus for the session 2022-23.

1) Football (Men & Women)
2) Hockey 5 A side (Men & Women)
3) Archery (Men & Women)
4) Shooting (Men & Women)
5) Canoeing (Men & Women)
6) Kayaking (Men & Women)

We have the requisite infrastructure and facilities to conduct the same. Moreover we have the record performance of our own teams in these games. We are celebrating 75th Year of Existence of our college.

Yours faithfully,

Principal Principal
G.H.G. KHALSA COLLEGE
Gurusar Sadhar (Ludhiana)


Ph. 01624 (O) : 275227, (R) : 275251, (Fax) : 275469, e-mail:ghgkcgs@gmail.com

Dr. Baljinder Sir
28/8/23

ਵੱਲੋ

ਜਿਲ੍ਹਾ ਖੇਡ ਅਫਸਰ,
ਲੁਧਿਆਣਾ।

ਵੱਲ,

ਪ੍ਰਿੰਸੀਪਲ,
ਜੀ.ਐਚ.ਜੀ ਖਾਲਸਾ ਕਾਲਜ਼ (ਗੁਰੂਸਰ ਸੁਧਾਰ)
ਲੁਧਿਆਣਾ।

ਪੱਤਰ ਨੰ: ਖੇਡਾਂ-ਲ-2023/ 1054
ਮਿਤੀ: 28-8-2023

ਵਿਸ਼ਾ :- **ਖੇਡਾਂ ਵਤਨ ਪੰਜਾਬ ਦੀਆਂ-2023 ਅਧੀਨ ਬਲਾਕ ਪੱਧਰੀ ਖੇਡਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾ ਦੀਆਂ ਅਧੀਨ ਬਲਾਕ ਪੱਧਰੀ ਖੇਡਾਂ ਮਿਤੀ: 02-09-2023 ਤੋਂ 10-09-2023 ਤੱਕ ਨਾਲ ਨੱਥੀ ਸ਼ੈਡਿਊ ਅਨੁਸਾਰ ਕਰਵਾਈਆਂ ਜਾ ਰਹੀਆ ਹਨ। ਇਨ੍ਹਾਂ ਖੇਡਾਂ ਦੇ ਲਈ ਆਪ ਜੀ ਦੇ ਕਾਲਜ ਦੀਆਂ ਗਰਾਊਂਡਾ ਦੀ ਵਰ ਕਰਨ ਦੀ ਆਗਿਆ ਦਿੱਤੀ ਜਾਵੇਂ ਜੀ।

ਨੱਥੀ: ਸ਼ੈਡਿਊਲ।

ਜਿਲ੍ਹਾ ਖੇਡ ਅਫਸਰ,
ਲੁਧਿਆਣਾ।

CamScanner